Punjabi | ਪੰਜਾਬੀ

# 2025 ਲਈ ਪ੍ਰਾਇਮਰੀ ਸਕੂਲ ਵਿੱਚ ਦਾਖ਼ਲਾ ਲੈਣਾ



ਸਕੂਲ ਜਾਣਾ ਸ਼ੁਰੂ ਕਰਨਾ ਬੱਚਿਆਂ, ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਉਤਸੁਕਤਾ ਵਾਲਾ ਸਮਾਂ ਹੁੰਦਾ ਹੈ। ਅਸੀਂ ਤੁਹਾਡੇ ਲਈ ਨਾਮ ਦਾਖ਼ਲ ਕਰਵਾਉਣ ਦੀ ਕਾਰਵਾਈ ਨੂੰ ਸੰਭਵ ਹੱਦ ਤੱਕ ਵੱਧ ਤੋਂ ਵੱਧ ਸੌਖਾ ਬਣਾਉਣ ਵਿੱਚ ਸਹਾਇਤਾ ਕਰਨੀ ਚਾਹੁੰਦੇ ਹਾਂ।

ਵਿਕਟੋਰੀਆ ਵਿੱਚ, ਤੁਹਾਡੇ ਬੱਚੇ ਨੂੰ *ਐਜੂਕੇਸ਼ਨ ਐਂਡ ਟਰੇਨਿੰਗ ਰਿਫਾਰਮ ਐਕਟ 2006* ਦੇ ਤਹਿਤ ਆਪਣੇ ਨਿਰਧਾਰਤ ਗੁਆਂਢੀ ਸਕੂਲ (ਤੁਹਾਡੇ 'ਸਥਾਨਕ ਸਕੂਲ') ਵਿੱਚ ਜਾਣ ਦਾ ਅਧਿਕਾਰ ਹੈ।

ਤੁਸੀਂ ਕਿਸੇ ਅਜਿਹੇ ਸਕੂਲ ਵਿਖੇ ਵੀ ਦਾਖ਼ਲੇ ਲਈ ਅਰਜ਼ੀ ਦੇ ਸਕਦੇ ਹੋ ਜੋ ਤੁਹਾਡਾ ਸਥਾਨਕ ਸਕੂਲ ਨਹੀਂ ਹੈ। ਉਹ ਸਕੂਲ ਤੁਹਾਡੀ ਅਰਜ਼ੀ 'ਤੇ ਦਾਖ਼ਲਾ ਨੀਤੀ (ਪਲੇਸਮੈਂਟ ਪਾਲਿਸੀ) ਅਨੁਸਾਰ ਵਿਚਾਰ ਕਰੇਗਾ। ਪਲੇਸਮੈਂਟ ਨੀਤੀ ਬਾਰੇ ਹੋਰ ਜਾਣਕਾਰੀ ਲਈ, ਸਕੂਲ ਵਿੱਚ ਦਾਖ਼ਲਾ ਲੈਣਾ ਪੰਨੇ 'ਤੇ ਜਾਓ।

## ਫਾਊਂਡੇਸ਼ਨ (ਪਰੈੱਪ) ਲਈ ਨਵੀਂ ਰਾਜ-ਵਿਆਪੀ ਸਮਾਂ-ਸੀਮਾ

ਪ੍ਰਾਇਮਰੀ ਸਕੂਲ ਦੇ ਪਹਿਲੇ ਸਾਲ ਨੂੰ ਫਾਊਂਡੇਸ਼ਨ ਜਾਂ ਪਰੈੱਪ ਕਿਹਾ ਜਾਂਦਾ ਹੈ। ਅਸੀਂ ਵਿਕਟੋਰੀਆ ਦੇ ਸਾਰੇ ਸਰਕਾਰੀ ਪ੍ਰਾਇਮਰੀ ਸਕੂਲਾਂ ਲਈ ਫਾਊਂਡੇਸ਼ਨ ਵਿੱਚ ਨਾਮ ਦਾਖ਼ਲ ਕਰਵਾਉਣ ਸੰਬੰਧੀ ਸਮਾਂ-ਸੀਮਾ ਜਾਰੀ ਕੀਤੀ ਹੈ (ਪੰਨਾ 3 ਦੇਖੋ)। ਇਸ ਸਮਾਂ-ਸੀਮਾ ਦਾ ਉਦੇਸ਼ ਤੁਹਾਨੂੰ ਇਹ ਸਮਝਣ ਵਿੱਚ ਮੱਦਦ ਕਰਨਾ ਹੈ ਕਿ 2025 ਸਕੂਲੀ ਵਰ੍ਹੇ ਲਈ ਤੁਹਾਡੇ ਬੱਚੇ ਦਾ ਨਾਮ ਫਾਊਂਡੇਸ਼ਨ ਵਿੱਚ ਕਦੋਂ ਅਤੇ ਕਿਵੇਂ ਦਾਖ਼ਲ ਕਰਵਾਉਣਾ ਹੈ।

## ਮੈਨੂੰ ਆਪਣੇ ਬੱਚੇ ਨੂੰ ਪ੍ਰਾਇਮਰੀ ਸਕੂਲ ਦੇ ਪਹਿਲੇ ਸਾਲ ਵਿੱਚ ਕਦੋਂ ਦਾਖ਼ਲ ਕਰਵਾਉਣਾ ਚਾਹੀਦਾ ਹੈ?

ਜਿਸ ਸਾਲ ਤੁਹਾਡਾ ਬੱਚਾ ਸਕੂਲ ਜਾਣਾ ਸ਼ੁਰੂ ਕਰਦਾ ਹੈ ਉਸ ਸਾਲ 30 ਅਪ੍ਰੈਲ ਤੱਕ ਉਸ ਦਾ 5 ਸਾਲਾਂ ਦਾ ਹੋਣਾ ਲਾਜ਼ਮੀ ਹੈ।

ਜਿਹੜੇ ਬੱਚੇ 6 ਸਾਲ ਦੇ ਹੋ ਗਏ ਹਨ, ਉਨ੍ਹਾਂ ਲਈ ਸਕੂਲੀ ਸਿੱਖਿਆ ਲਾਜ਼ਮੀ ਹੈ।

2025 ਸਕੂਲੀ ਸਾਲ ਲਈ ਆਪਣੇ ਬੱਚੇ ਨੂੰ ਵਿਕਟੋਰੀਆ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਦਾਖ਼ਲ ਕਰਵਾਉਣ ਲਈ, ਸਕੂਲ ਵਿੱਚ 26 ਜੁਲਾਈ 2024 ਤੱਕ ਦਾਖ਼ਲਾ ਅਰਜ਼ੀ ਜਮ੍ਹਾਂ ਕਰਵਾਓ।

## ਮੈਂ ਆਪਣੇ ਬੱਚੇ ਨੂੰ ਪ੍ਰਾਇਮਰੀ ਸਕੂਲ ਦੇ ਪਹਿਲੇ ਸਾਲ ਵਿੱਚ ਕਿਵੇਂ ਦਾਖ਼ਲ ਕਰਵਾਵਾਂ?

ਆਪਣੇ ਬੱਚੇ ਨੂੰ ਉਸ ਦੇ ਪ੍ਰਾਇਮਰੀ ਸਕੂਲ ਦੇ ਪਹਿਲੇ ਸਾਲ ਵਿੱਚ ਦਾਖ਼ਲ ਕਰਵਾਉਣ ਲਈ ਹੇਠਾਂ ਲਿਖੇ ਕਦਮ ਚੁੱਕੋ:

1. ਫਾਈਂਡ ਮਾਈ ਸਕੂਲ (Find my School) ਦੀ ਵੈੱਬਸਾਈਟ 'ਤੇ ਆਪਣੇ ਸਥਾਨਕ ਸਕੂਲ ਨੂੰ ਲੱਭੋ (ਹੇਠਾਂ ਵੇਖੋ)।
2. ਸਕੂਲ ਦਾ ਦੌਰਾ ਬੁੱਕ ਕਰਨ ਲਈ ਜਾਂ ਸਕੂਲ ਅਤੇ ਦਾਖ਼ਲੇ ਲਈ ਅਰਜ਼ੀ ਦੀ ਕਾਰਵਈ ਬਾਰੇ ਵਧੇਰੇ ਜਾਣਨ ਲਈ ਕਿਸੇ ਸਰਕਾਰੀ ਪ੍ਰਾਇਮਰੀ ਸਕੂਲ ਨਾਲ ਸੰਪਰਕ ਕਰੋ।
3. ਇੰਨਰੋਲਿੰਗ ਇਨ ਫਾਊਂਡੇਸ਼ਨ (ਪਰੈੱਪ) ਫਾਊਂਡੇਸ਼ਨ (ਪਰੈੱਪ) ਵਿੱਚ ਨਾਮ ਦਾਖ਼ਲ ਕਰਵਾਉਣ ਦੀ ਜਾਣਕਾਰੀ ਵਾਲੇ ਪੈਕ ਨੂੰ ਡਾਊਨਲੋਡ ਕਰੋ। ਇਹ ਪੈਕ ਸੋਮਵਾਰ 15 ਅਪ੍ਰੈਲ 2024 ਤੋਂ ਉਪਲਬਧ ਹੋਵੇਗਾ ਅਤੇ ਇਸ ਵਿੱਚ ਇੱਕ ਅਰਜ਼ੀ ਫਾਰਮ ਵੀ ਸ਼ਾਮਲ ਹੋਵੇਗਾ। ਸਕੂਲ ਤੁਹਾਨੂੰ ਭਰਨ ਲਈ ਫਾਰਮ ਦੀ ਇੱਕ ਕਾਪੀ ਵੀ ਪ੍ਰਦਾਨ ਕਰ ਸਕਦਾ ਹੈ।
4. ਫਾਊਂਡੇਸ਼ਨ ਲਈ **ਸ਼ੁੱਕਰਵਾਰ 26 ਜੁਲਾਈ 2024 ਤੱਕ** ਦਾਖ਼ਲਾ ਅਰਜ਼ੀ ਜਮ੍ਹਾਂ ਕਰਵਾਓ।
5. ਤੁਹਾਨੂੰ **ਸੋਮਵਾਰ 29 ਜੁਲਾਈ ਤੋਂ ਲੈ ਕੇ ਸ਼ੁੱਕਰਵਾਰ 9 ਅਗਸਤ 2024 ਦੇ ਵਿਚਕਾਰ** ਤੁਹਾਡੀ ਅਰਜ਼ੀ ਦੇ ਨਤੀਜੇ ਬਾਰੇ ਸੂਚਿਤ ਕੀਤਾ ਜਾਵੇਗਾ। ਜੇਕਰ ਤੁਹਾਨੂੰ ਨਾਮ ਦਾਖ਼ਲ ਕਰਵਾਉਣ ਲਈ ਕੋਈ ਪੇਸ਼ਕਸ਼ ਮਿਲਦੀ ਹੈ, ਤਾਂ ਤੁਹਾਨੂੰ ਇਹ ਪੇਸ਼ਕਸ਼ **ਸ਼ੁੱਕਰਵਾਰ 23 ਅਗਸਤ 2024** ਤੱਕ ਸਵੀਕਾਰ ਕਰ ਲੈਣੀ ਚਾਹੀਦੀ ਹੈ।
6. **2024 ਦੀ ਟਰਮ 4 ਦੌਰਾਨ** ਨਾਮ ਦਾਖ਼ਲ ਕਰਵਾਉਣ ਅਤੇ ਸਕੂਲ ਤਬਦੀਲ ਕਰਨ ਸੰਬੰਧੀ ਜਾਣਕਾਰੀ ਸੈਸ਼ਨਾਂ ਵਿੱਚ ਹਿੱਸਾ ਲਓ।
7. ਤੁਹਾਡਾ ਬੱਚਾ **ਬੁੱਧਵਾਰ 29 ਜਨਵਰੀ 2025 ਤੋਂ** ਫਾਊਂਡੇਸ਼ਨ ਸ਼ੁਰੂ ਕਰੇਗਾ।

## ਮੈਂ ਆਪਣੇ ਸਥਾਨਕ ਸਕੂਲ ਨੂੰ ਕਿਵੇਂ ਲੱਭਾਂ?

ਹੇਠਾਂ ਦਿੱਤੇ ਕਦਮਾਂ ਦੀ ਪਾਲਣਾ ਕਰਕੇ 'ਫਾਈਂਡ ਮਾਈ ਸਕੂਲ' (Find my School) ਵੈੱਬਸਾਈਟ 'ਤੇ ਆਪਣੇ ਸਥਾਨਕ ਸਕੂਲ ਨੂੰ ਲੱਭੋ:

1. ਆਪਣੇ ਬ੍ਰਾਊਜ਼ਰ ਵਿੱਚ findmyschool.vic.gov.au ਭਰੋ।
2. 'ਸ਼ੁਰੂਆਤ ਕਰਨ ਲਈ ਆਪਣਾ ਪਤਾ ਭਰੋ' ਦੇ ਵਿੱਚ ਆਪਣਾ ਸਥਾਈ ਰਿਹਾਇਸ਼ੀ ਪਤਾ ਭਰੋ।
3. 'ਦਾਖ਼ਲਾ ਸਾਲ' ਵਿੱਚ 2025 ਦੀ ਚੋਣ ਕਰੋ। **ਨੋਟ:** 2025 ਦੇ ਸਕੂਲ ਜ਼ੋਨ 2024 ਦੀ ਟਰਮ 1 ਵਿੱਚ ਦੇਰ ਨਾਲ ਉਪਲਬਧ ਹੋਣਗੇ।
4. 'ਸਕੂਲ ਦੀ ਕਿਸਮ' ਦੇ ਵਿੱਚ ਪ੍ਰਾਇਮਰੀ ਦੀ ਚੋਣ ਕਰੋ।

ਫਿਰ ਨਕਸ਼ਾ ਤੁਹਾਡਾ ਪਤਾ, ਤੁਹਾਡਾ ਸਥਾਨਕ ਸਕੂਲ, ਅਤੇ ਖੱਬੇ ਪਾਸੇ ਸਕੂਲ ਦੇ ਸੰਪਰਕ ਵੇਰਵੇ ਦਿਖਾਏਗਾ। ਜੇ ਤੁਸੀਂ ਹੇਠਾਂ ਵੱਲ ਨੂੰ ਜਾਂਦੇ ਹੋ, ਤਾਂ ਇਹ ਤੁਹਾਨੂੰ ਤੁਹਾਡੇ ਪਤੇ ਦੇ ਪੰਜ ਸਭ ਤੋਂ ਨਜ਼ਦੀਕੀ ਸਕੂਲ ਵੀ ਦਿਖਾਏਗਾ।

ਤੁਸੀਂ 'ਸਰਚ ਫਾਰ ਸਕੂਲ' (Search for school) ਵਿੱਚ ਸਕੂਲ ਦੇ ਨਾਮ ਨਾਲ ਵੀ ਲੱਭ ਸਕਦੇ ਹੋ।

## ਕੀ ਮੇਰਾ ਬੱਚਾ ਕਿਸੇ ਅਜਿਹੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਅਰਜ਼ੀ ਦੇ ਸਕਦਾ ਹੈ ਜੋ ਸਾਡਾ ਸਥਾਨਕ ਸਕੂਲ ਨਹੀਂ ਹੈ?

ਹਾਂ, ਤੁਸੀਂ ਆਪਣੇ ਸਥਾਨਕ ਸਕੂਲ ਤੋਂ ਇਲਾਵਾ ਹੋਰ ਸਕੂਲਾਂ ਲਈ ਵੀ ਅਰਜ਼ੀ ਦੇ ਸਕਦੇ ਹੋ। ਉਹ ਸਕੂਲ ਤੁਹਾਡੀ ਅਰਜ਼ੀ 'ਤੇ ਪਲੇਸਮੈਂਟ ਨੀਤੀ ਅਤੇ ਉਪਲਬਧ ਜਗ੍ਹਾ ਦੇ ਅਨੁਸਾਰ ਵਿਚਾਰ ਕਰੇਗਾ। ਤੁਸੀਂ ਸਕੂਲ ਵਿੱਚ ਦਾਖ਼ਲਾ ਲੈਣਾ ਪੰਨੇ 'ਤੇ ਇਸ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ ਕਿ ਅਰਜ਼ੀਆਂ ਨੂੰ ਕਿਵੇਂ ਤਰਜੀਹ ਦਿੱਤੀ ਜਾਂਦੀ ਹੈ।

## ਜੇਕਰ ਮੈਨੂੰ ਇੱਕ ਚਿੱਠੀ ਮਿਲਦੀ ਹੈ ਜਿਸ ਵਿੱਚ ਕਿਹਾ ਜਾਂਦਾ ਹੈ ਕਿ ਮੇਰੀ ਦਾਖਲਾ ਅਰਜ਼ੀ ਅਸਫ਼ਲ ਰਹੀ ਹੈ ਤਾਂ ਕੀ ਹੁੰਦਾ ਹੈ?

ਤੁਹਾਨੂੰ ਆਪਣੇ ਬੱਚੇ ਨੂੰ ਕਿਸੇ ਹੋਰ ਸਕੂਲ ਵਿੱਚ ਦਾਖ਼ਲ ਕਰਵਾਉਣ ਲਈ ਅਰਜ਼ੀ ਦੇਣੀ ਚਾਹੀਦੀ ਹੈ। ਤੁਹਾਡੇ ਬੱਚੇ ਨੂੰ ਉਸ ਦੇ ਸਥਾਨਕ ਸਕੂਲ ਵਿਖੇ ਦਾਖ਼ਲਾ ਮਿਲਣ ਦੀ ਗਾਰੰਟੀ ਹੈ। ਤੁਹਾਡੇ ਬੱਚੇ ਦਾ ਸਥਾਨਕ ਸਕੂਲ ਉਸ ਦੇ ਸਥਾਈ ਰਿਹਾਇਸ਼ੀ ਪਤੇ ਦੇ ਆਧਾਰ 'ਤੇ ਨਿਰਧਾਰਤ ਕੀਤਾ ਜਾਂਦਾ ਹੈ। ਆਪਣੇ ਬੱਚੇ ਦੇ ਸਥਾਨਕ ਸਕੂਲ ਨੂੰ ਲੱਭਣ ਲਈ ਫਾਈਂਡ ਮਾਈ ਸਕੂਲ 'ਤੇ ਜਾਓ। ਸਕੂਲ ਵਿੱਚ ਦਾਖ਼ਲਾ ਲੈਣਾ ਪੰਨਾ ਨਾਮ ਦਾਖ਼ਲ ਕਰਵਾਉਣ ਲਈ ਤੁਹਾਡੇ ਬੱਚੇ ਦੇ ਪਤੇ ਦੀ ਪੁਸ਼ਟੀ ਕਰਨ ਵਿੱਚ ਵੀ ਤੁਹਾਡੀ ਮੱਦਦ ਕਰ ਸਕਦਾ ਹੈ।

ਤੁਸੀਂ ਇਸ ਫ਼ੈਸਲੇ ਦੇ ਖਿਲਾਫ਼ ਅਪੀਲ ਵੀ ਕਰ ਸਕਦੇ ਹੋ। ਇੰਨਰੋਲਿੰਗ ਇਨ ਫਾਊਂਡੇਸ਼ਨ (ਪਰੈੱਪ) ਪੰਨੇ ਵਿੱਚ ਨਾਮ ਦਾਖ਼ਲ ਕਰਵਾਉਣ ਦੀ ਅਰਜ਼ੀ ਦੇ ਨਤੀਜੇ ਖਿਲਾਫ਼ ਅਪੀਲ ਕਰਨ ਦੀ ਪ੍ਰਕਿਰਿਆ ਬਾਰੇ ਜਾਣਕਾਰੀ ਹੈ।

## ਜੇ ਮੈਂ ਨਾਮ ਦਾਖ਼ਲ ਕਰਵਾਉਣ ਦੀਆਂ ਸਮਾਂ-ਸੀਮਾਵਾਂ ਤੋਂ ਖੁੰਝ ਜਾਵਾਂ ਤਾਂ ਕੀ ਹੋਵੇਗਾ?

ਤੁਸੀਂ 2024 ਦੀ ਟਰਮ 2 ਤੋਂ ਲੈ ਕੇ ਕਿਸੇ ਵੀ ਸਮੇਂ ਆਪਣੇ ਬੱਚੇ ਨੂੰ 2025 ਸਕੂਲੀ ਸਾਲ ਲਈ ਫਾਊਂਡੇਸ਼ਨ ਵਿੱਚ ਦਾਖ਼ਲ ਕਰਵਾਉਣ ਲਈ ਅਰਜ਼ੀ ਦੇ ਸਕਦੇ ਹੋ।

ਜਦੋਂ ਕਿ ਤੁਹਾਨੂੰ ਸ਼ੁੱਕਰਵਾਰ 26 ਜੁਲਾਈ 2024 ਤੱਕ ਨਾਮ ਦਾਖ਼ਲ ਕਰਵਾਉਣ ਲਈ ਅਰਜ਼ੀ ਜਮ੍ਹਾ ਕਰਵਾਉਣ ਲਈ ਕਿਹਾ ਜਾਂਦਾ ਹੈ, ਉਹਨਾਂ ਪਰਿਵਾਰਾਂ ਤੋਂ ਇਸ ਮਿਤੀ ਤੋਂ ਬਾਅਦ ਵੀ ਅਰਜ਼ੀਆਂ ਸਵੀਕਾਰ ਕੀਤੀਆਂ ਜਾਣਗੀਆਂ ਜੋ ਨਾਮ ਦਾਖ਼ਲ ਕਰਵਾਉਣ ਦੀਆਂ ਸਮਾਂ-ਸੀਮਾਵਾਂ ਨੂੰ ਖੁੰਝਾ ਲੈਂਦੇ ਹਨ, ਸਥਾਈ ਨਿਵਾਸ ਸਥਾਨ ਬਦਲਦੇ ਹਨ ਜਾਂ ਵਿਕਟੋਰੀਆ ਵਿੱਚ ਨਵੇਂ ਆਉਂਦੇ ਹਨ।

ਸਕੂਲ ਦੁਆਰਾ 26 ਜੁਲਾਈ 2024 ਤੋਂ ਬਾਅਦ ਜਮ੍ਹਾਂ ਕਰਵਾਈਆਂ ਦਾਖ਼ਲਾ ਅਰਜ਼ੀਆਂ 'ਤੇ ਵਿਭਾਗ ਦੀ ਪਲੇਸਮੈਂਟ ਨੀਤੀ ਦੇ ਅਨੁਸਾਰ ਪ੍ਰਾਪਤ ਹੁੰਦੇ ਸਾਰ ਕਾਰਵਾਈ ਕੀਤੀ ਜਾਵੇਗੀ।

## ਪ੍ਰਾਇਮਰੀ ਸਕੂਲ ਵਿੱਚ ਦਾਖ਼ਲਾ ਲੈਣ ਬਾਰੇ ਮੈਨੂੰ ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

ਤੁਸੀਂ ਫਾਊਂਡੇਸ਼ਨ ਵਿੱਚ ਦਾਖ਼ਲਾ ਲੈਣ ਦੀ ਪ੍ਰਕਿਰਿਆ ਬਾਰੇ ਹੋਰ ਜਾਣਕਾਰੀ ਲਈ ਆਪਣੇ ਸਥਾਨਕ ਪ੍ਰਾਇਮਰੀ ਸਕੂਲ ਨੂੰ ਪੁੱਛ ਸਕਦੇ ਹੋ।

2024 ਦੀ ਮਿਆਦ 2 ਸ਼ੁਰੂਆਤ 'ਤੇ ਤੁਸੀਂ ਇੰਨਰੋਲਿੰਗ ਇਨ ਫਾਊਂਡੇਸ਼ਨ (ਪਰੈੱਪ) ਪੰਨੇ 'ਤੇ ਫਾਊਂਡੇਸ਼ਨ ਵਿੱਚ ਨਾਮ ਦਾਖ਼ਲ ਕਰਵਾਉਣ ਦੀ ਅਰਜ਼ੀ ਪ੍ਰਕਿਰਿਆ ਬਾਰੇ ਇੱਕ ਜਾਣਕਾਰੀ ਪੈਕ ਵੀ ਲੱਭ ਸਕਦੇ ਹੋ।

ਜੇ ਤੁਹਾਨੂੰ ਜਾਣਕਾਰੀ ਪੈਕ ਦਾ ਅਨੁਵਾਦ ਕਰਨ ਵਿੱਚ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ ਸਹਾਇਤਾ ਲਈ ਆਪਣੇ ਸਥਾਨਕ ਪ੍ਰਾਇਮਰੀ ਸਕੂਲ ਦੇ ਨਾਲ ਗੱਲ ਕਰੋ।

## ਮੈਂ ਸਹਾਇਤਾ ਲਈ ਕਿਸ ਨਾਲ ਸੰਪਰਕ ਕਰਾਂ?

ਟਰਾਂਜੀਸ਼ਨ ਕੋਆਰਡੀਨੇਟਰ, ਦਾਖ਼ਲਾ ਅਫ਼ਸਰ ਜਾਂ ਉਸ ਪ੍ਰਾਇਮਰੀ ਸਕੂਲ ਦਾ ਪ੍ਰਿੰਸੀਪਲ ਜਿੱਥੇ ਤੁਸੀਂ ਅਰਜ਼ੀ ਦੇਣੀ ਚਾਹੁੰਦੇ ਹੋ, ਦਾਖ਼ਲੇ ਦੇ ਤਰੀਕੇ ਬਾਰੇ ਤੁਹਾਡੇ ਕਿਸੇ ਵੀ ਸਵਾਲਾਂ ਦੇ ਵਿੱਚ ਤੁਹਾਡੀ ਸਹਾਇਤਾ ਕਰ ਸਕਦੇ ਹਨ।

## ਉਪਯੋਗੀ ਲਿੰਕ

ਕਿਰਪਾ ਕਰਕੇ ਹੇਠਾਂ ਕੁੱਝ ਉਪਯੋਗੀ ਲਿੰਕ ਲੱਭੋ ਜੋ ਤੁਹਾਡੇ ਲਈ ਮਦਦਗਾਰ ਹੋ ਸਕਦੇ ਹਨ ਜਦੋਂ 2025 ਵਿੱਚ ਤੁਹਾਡਾ ਬੱਚਾ ਪ੍ਰਾਇਮਰੀ ਸਕੂਲ ਸ਼ੁਰੂ ਕਰੇਗਾ:

ਫਾਈਂਡ ਮਾਈ ਸਕੂਲ (Find my School) – findmyschool.vic.gov.au

ਸਕੂਲ ਜ਼ੋਨਾਂ ਬਾਰੇ ਜਾਣਕਾਰੀ – vic.gov.au/school-zones

ਫਾਊਂਡੇਸ਼ਨ (ਪਰੈੱਪ) ਵਿੱਚ ਨਾਮ ਦਾਖ਼ਲ ਕਰਵਾਉਣਾ – vic.gov.au/enrolling-foundation-prep

ਸਕੂਲ ਵਿੱਚ ਦਾਖ਼ਲਾ ਲੈਣਾ – vic.gov.au/how-choose-school-and-enrol

ਅਪੰਗਤਾ ਅਤੇ ਸ਼ਮੂਲੀਅਤ ਸਿੱਖਿਆ – vic.gov.au/disability-and-inclusive-education

ਖੇਤਰੀ ਦਫ਼ਤਰ ਦੇ ਸੰਪਰਕ – vic.gov.au/office-locations-department-education

# 2024-25 ਲਈ ਸਮਾਂ-ਸੀਮਾ

| 2024 ਦੀਆ ਤਾਰੀਖਾ | ਗਤੀਵਿਧੀ |
|---|---|
| **ਟਰਮ 2: ਸੋਮਵਾਰ 15 ਅਪ੍ਰੈਲ 2024 - ਸ਼ੁੱਕਰਵਾਰ 28 ਜੂਨ 2024** | |
| **ਟਰਮ 1 ਅਤੇ 2, 2024** | 2025 ਲਈ ਆਪਣੇ ਬੱਚੇ ਲਈ ਫਾਊਂਡੇਸ਼ਨ (ਪਰੈੱਪ) ਵਿੱਚ ਦਾਖ਼ਲੇ ਦੀ ਮੰਗ ਕਰ ਰਹੇ ਪਰਿਵਾਰਾਂ ਲਈ ਪ੍ਰਾਇਮਰੀ ਸਕੂਲ ਦੌਰੇ, ਜਾਣਕਾਰੀ ਸੈਸ਼ਨਾਂ ਅਤੇ ਹੋਰ ਗਤੀਵਿਧੀਆਂ ਦਾ ਸੰਚਾਲਨ ਕਰਦੇ ਹਨ। |
| **2024 ਦੀ ਟਰਮ 2 ਦੀ ਸ਼ੁਰੂਆਤ ਤੱਕ** | 2025 ਸਕੂਲੀ ਸਾਲ ਲਈ ਸਕੂਲ ਜ਼ੋਨ findmyschool.vic.gov.au 'ਤੇ ਉਪਲਬਧ ਹੁੰਦੀਆਂ ਹਨ<br>ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ 2025 ਲਈ ਆਪਣੇ ਨਿਰਧਾਰਤ ਗੁਆਂਢੀ ਸਕੂਲ (ਸਥਾਨਕ ਸਕੂਲ) ਦਾ ਪਤਾ ਲਗਾਉਣ ਲਈ findmyschool.vic.gov.au' ਤੇ ਜਾਣਾ ਚਾਹੀਦਾ ਹੈ।<br>ਮਾਤਾ-ਪਿਤਾ ਅਤੇ ਦੇਖਭਾਲ ਕਰਨ ਵਾਲਿਆਂ ਲਈ ਨਾਮ ਦਾਖ਼ਲ ਕਰਵਾਉਣ ਬਾਰੇ ਜਾਣਕਾਰੀ ਪੈਕ ਇੰਰੋਲਿੰਗ ਇਨ ਫਾਊਂਡੇਸ਼ਨ (ਪਰੈੱਪ) ਤੋਂ ਡਾਊਨਲੋਡ ਕਰਨ ਲਈ ਉਪਲਬਧ ਹੈ। |
| **2024 ਦੀ ਟਰਮ 2 ਦੇ ਹਫ਼ਤੇ 1 ਤੋਂ** | ਪ੍ਰਾਇਮਰੀ ਸਕੂਲ ਸੰਭਾਵੀ ਪਰਿਵਾਰਾਂ ਅਤੇ ਉਹਨਾਂ ਦੇ ਸਥਾਨਕ ਭਾਈਚਾਰੇ ਨੂੰ ਦਾਖ਼ਲਾ ਸੂਚਨਾ ਪੈਕ ਵੰਡ ਸਕਦੇ ਹਨ। |
| **2024 ਦੀ ਟਰਮ 2 ਦੇ ਹਫ਼ਤੇ 1 ਤੋਂ** | **ਨਾਮ ਦਾਖ਼ਲਾ ਅਰਜ਼ੀਆਂ ਖੁੱਲ੍ਹੀਆਂ ਹਨ** - ਮਾਪੇ ਅਤੇ ਦੇਖਭਾਲ ਕਰਨ ਵਾਲੇ ਇਸ ਮਿਤੀ ਤੋਂ ਆਪਣੀ ਭਰੀ ਹੋਈ ਦਾਖ਼ਲਾ ਅਰਜ਼ੀ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਜਮ੍ਹਾਂ ਕਰਵਾ ਸਕਦੇ ਹਨ। |
| **ਟਰਮ 3: ਸੋਮਵਾਰ 15 ਜੁਲਾਈ 2024 - ਸ਼ੁੱਕਰਵਾਰ 20 ਸਤੰਬਰ 2024** | |
| **ਸ਼ੁੱਕਰਵਾਰ 26 ਜੁਲਾਈ 2024 ਤੱਕ** | **ਦਾਖ਼ਲੇ ਲਈ ਅਰਜ਼ੀਆਂ ਦੀ ਆਖਰੀ ਮਿਤੀ** - ਮਾਪੇ ਅਤੇ ਦੇਖਭਾਲ ਕਰਨ ਵਾਲੇ ਆਪਣੀ ਭਰੀ ਹੋਈ ਦਾਖ਼ਲਾ ਅਰਜ਼ੀ ਇਸ ਮਿਤੀ ਤੱਕ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਜਮ੍ਹਾ ਕਰਵਾ ਸਕਦੇ ਹਨ। |
| **ਸੋਮਵਾਰ 29 ਜੁਲਾਈ ਤੋਂ ਸ਼ੁੱਕਰਵਾਰ 9 ਅਗਸਤ 2024 ਦੇ ਵਿਚਕਾਰ** | ਵਿਭਾਗ ਦੀ ਪਲੇਸਮੈਂਟ ਨੀਤੀ ਅਨੁਸਾਰ ਪ੍ਰਾਇਮਰੀ ਸਕੂਲ ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਫਾਊਂਡੇਸ਼ਨ (ਪਰੈੱਪ) ਦਾਖ਼ਲੇ ਦੇ ਨਤੀਜਿਆਂ ਬਾਰੇ ਲਿਖਤੀ ਰੂਪ ਵਿੱਚ ਸੂਚਿਤ ਕਰਦੇ ਹਨ। ਇਸ ਵਿੱਚ ਇੱਕ ਪੇਸ਼ਕਸ਼ ਪੱਤਰ, ਨਾਮ ਦਾਖ਼ਲ ਹੋਣ ਦੀ ਪੁਸ਼ਟੀ ਕਰਦਾ ਇੱਕ ਪੱਤਰ, ਜਾਂ ਇੱਕ ਅਸਫ਼ਲ ਅਰਜ਼ੀ ਦੀ ਸੂਚਨਾ ਦਾ ਪੱਤਰ ਸ਼ਾਮਲ ਹੋ ਸਕਦਾ ਹੈ।<br>ਅਸਫ਼ਲ ਅਰਜ਼ੀ ਦੀ ਸੂਚਨਾ ਦਾ ਪੱਤਰ ਪ੍ਰਾਪਤ ਕਰਨ ਵਾਲੇ ਮਾਪੇ ਅਤੇ ਦੇਖਭਾਲ ਕਰਨ ਵਾਲੇ ਪ੍ਰਾਇਮਰੀ ਸਕੂਲ ਨੂੰ ਇੱਕ ਲਿਖਤੀ ਅਪੀਲ ਜਮ੍ਹਾਂ ਕਰਵਾ ਸਕਦੇ ਹਨ। |
| **ਸ਼ੁੱਕਰਵਾਰ 23 ਅਗਸਤ 2024 ਤੱਕ** | ਦਾਖ਼ਲਾ ਮਿਲਣ ਦਾ ਪੇਸ਼ਕਸ਼ ਪੱਤਰ ਪ੍ਰਾਪਤ ਕਰਨ ਵਾਲੇ ਮਾਤਾ-ਪਿਤਾ ਅਤੇ ਦੇਖਭਾਲ ਕਰਨ ਵਾਲੇ ਇਸ ਮਿਤੀ ਤੱਕ ਆਪਣੇ ਬੱਚੇ ਦੇ ਦਾਖ਼ਲੇ ਨੂੰ ਸਵੀਕਾਰਨ ਦਾ ਸੰਕੇਤ ਦਿੰਦੇ ਹਨ। |
| **ਸ਼ੁੱਕਰਵਾਰ 23 ਅਗਸਤ 2024 ਤੱਕ** | ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਪ੍ਰਾਇਮਰੀ ਸਕੂਲ ਨੂੰ ਲਿਖਤੀ ਅਪੀਲ ਜਮ੍ਹਾਂ ਕਰਾਉਣ **ਦੀ ਆਖਰੀ ਮਿਤੀ** । |
| **ਸ਼ੁੱਕਰਵਾਰ 6 ਸਤੰਬਰ 2024 ਤੱਕ** | ਪ੍ਰਾਇਮਰੀ ਸਕੂਲ ਇਸ ਮਿਤੀ ਤੱਕ ਉਹਨਾਂ ਦੀ ਅਪੀਲ ਦੇ ਨਤੀਜੇ ਬਾਰੇ ਸਾਰੇ ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਲਿਖਤੀ ਰੂਪ ਵਿੱਚ ਸੂਚਿਤ ਕਰਦੇ ਹਨ। |
| **ਸ਼ੁੱਕਰਵਾਰ 20 ਸਤੰਬਰ 2024 ਤੱਕ** | ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਸੰਬੰਧਿਤ ਖੇਤਰੀ ਨਿਰਦੇਸ਼ਕ ਕੋਲ ਲਿਖਤੀ ਅਪੀਲ ਜਮ੍ਹਾਂ ਕਰਾਉਣ **ਦੀ ਆਖਰੀ ਮਿਤੀ**, ਜਿੱਥੇ ਉਹ ਪ੍ਰਾਇਮਰੀ ਸਕੂਲ ਨੂੰ ਆਪਣੀ ਅਪੀਲ ਵਿੱਚ ਅਸਫ਼ਲ ਰਹੇ ਹਨ। |
| **ਟਰਮ 4: ਸੋਮਵਾਰ 7 ਅਕਤੂਬਰ 2024 - ਸ਼ੁੱਕਰਵਾਰ 20 ਦਸੰਬਰ 2024** | |
| **2024 ਦੀ ਟਰਮ 4 ਦੌਰਾਨ** | ਪ੍ਰਾਇਮਰੀ ਸਕੂਲ ਤਬਦੀਲੀ ਸੈਸ਼ਨ ਅਯੋਜਿਤ ਕਰਦੇ ਹਨ। |
| **ਸ਼ੁੱਕਰਵਾਰ 1 ਨਵੰਬਰ 2024 ਤੱਕ** | ਖੇਤਰ ਇਸ ਮਿਤੀ ਤੱਕ ਸਾਰੇ ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਖੇਤਰੀ ਨਿਰਦੇਸ਼ਕ ਨੂੰ ਕੀਤੀਆਂ ਅਪੀਲਾਂ ਦੇ ਨਤੀਜੇ ਬਾਰੇ ਲਿਖਤੀ ਰੂਪ ਵਿੱਚ ਸੂਚਿਤ ਕਰਦੇ ਹਨ। ਇਹ ਸਿਰਫ ਸ਼ੁੱਕਰਵਾਰ 20 ਸਤੰਬਰ 2024 ਦੀ ਆਖਰੀ ਮਿਤੀ ਨੂੰ ਪ੍ਰਾਪਤ ਹੋਈਆਂ ਅਪੀਲਾਂ 'ਤੇ ਲਾਗੂ ਹੁੰਦਾ ਹੈ। |